StartingBlocks.gov.au

# ਬੱਚਿਆਂ ਦੇ ਚੁਣੌਤੀਪੂਰਨ ਵਿਵਹਾਰ ਦਾ ਪ੍ਰਬੰਧਨ ਕਰਨਾ - ਦੰਦੀ ਵੱਢਣਾ

**ਇਹ ਜਾਣਕਾਰੀ ਸ਼ੀਟ ਇਸ ਬਾਰੇ ਅੰਤਰਝਾਤਾਂ ਪ੍ਰਦਾਨ ਕਰਾਉਂਦੀ ਹੈ ਕਿ ਤੁਹਾਡਾ ਬੱਚਾ ਦੰਦੀ ਕਿਉਂ ਵੱਢ ਸਕਦਾ ਹੈ, ਦੰਦੀ ਵੱਢਣ ਦੀਆਂ ਘਟਨਾਵਾਂ ਪ੍ਰਤੀ ਤੁਹਾਡੇ ਬੱਚੇ ਦੀ ਸਿੱਖਿਆ ਅਤੇ ਸੰਭਾਲ ਸੇਵਾ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾ ਸਕਦੀ ਹੈ, ਅਤੇ ਮਦਦ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ।**

ਇਹ ਜਾਣਨਾ ਮਹੱਤਵਪੂਰਨ ਹੈ ਕਿ ਛੋਟੇ ਬੱਚਿਆਂ ਦਾ ਦੰਦੀ ਵੱਢਣਾ ਕਈ ਵਾਰ ਨਾ-ਟਾਲਣਯੋਗ ਵਿਵਹਾਰ ਹੁੰਦਾ ਹੈ, ਅਤੇ ਜ਼ਰੂਰੀ ਨਹੀਂ ਕਿ ਇਹ ਇਸ ਚੀਜ਼ ਦਾ ਸੰਕੇਤ ਦਿੰਦਾ ਹੋਵੇ ਕਿ ਕੁਝ ਗਲਤ ਹੈ। ਦੰਦੀ ਵੱਢਣ ਬਾਰੇ ਸੋਚਦੇ ਸਮੇਂ, ਦੰਦੀ ਵੱਢਣ ਵਾਲੇ ਅਤੇ ਜਿਸ ਦੇ ਦੰਦੀ ਵੱਢੀ ਗਈ ਹੈ ਦੋਨਾਂ ਉੱਤੇ ਧਿਆਨ ਕੇਂਦਰਿਤ ਕਰਨਾ ਯਾਦ ਰੱਖੋ। ਇਹ ਜਾਣਨਾ ਅਹਿਮ ਹੈ ਕਿ ਤੁਸੀਂ ਕਿਸ ਤਰ੍ਹਾਂ ਦੋਨਾਂ ਪ੍ਰਸਥਿਤੀਆਂ ਵਿੱਚ ਮਦਦ ਕਰ ਸਕਦੇ ਹੋ।

## ਦੰਦੀ ਵੱਢਣਾ ਕਿਉਂ ਵਾਪਰਦਾ ਹੈ?

ਕਈ ਸਾਰੇ ਕਾਰਨ ਹਨ ਜਿਨ੍ਹਾਂ ਵਿੱਚ ਇਹ ਸ਼ਾਮਲ ਹਨ:

- ਦੰਦੀਆਂ ਕੱਢ ਰਹੇ ਬੱਚੇ ਆਪਣੇ ਮਸੂੜਿਆਂ ਨੂੰ ਆਰਾਮ ਦੇਣ ਲਈ ਕਿਸੇ ਚੀਜ਼ ਉੱਤੇ ਦੰਦੀ ਵੱਢਣਾ ਪਸੰਦ ਕਰਦੇ ਹਨ
- ਛੋਟੇ ਬੱਚੇ ਅਕਸਰ ਆਪਣੀ ਦੁਨੀਆਂ ਦੀ ਪੜਚੋਲ ਕਰਨ ਅਤੇ ਜਾਂਚ ਕਰਨ ਲਈ ਆਪਣੇ ਮੂੰਹਾਂ ਦੀ ਵਰਤੋਂ ਕਰਦੇ ਹਨ
- ਛੋਟੇ ਬੱਚੇ ਆਪਣੇ ਸਵੈ-ਕੰਟਰੋਲ ਨੂੰ ਅਜੇ ਵਿਕਸਿਤ ਕਰ ਹੀ ਰਹੇ ਹੁੰਦੇ ਹਨ, ਅਤੇ ਉਹ ਬੇਇਖਤਿਆਰੀ (impulsive) ਹੋ ਸਕਦੇ ਹਨ
- ਬੱਚੇ ਹੋਰਨਾਂ ਦੀਆਂ ਭਾਵਨਾਵਾਂ ਅਤੇ ਵਿਵਹਾਰ ਨੂੰ ਪੜ੍ਹਨਾ ਸਿੱਖ ਰਹੇ ਹੁੰਦੇ ਹਨ, ਅਤੇ ਇਹ ਸਮਝ ਰਹੇ ਹੁੰਦੇ ਹਨ ਕਿ ਕਿਹੜੇ ਵਿਵਹਾਰ ਸਵੀਕਾਰ ਕਰਨਯੋਗ ਹਨ
- ਬੋਰੀਅਤ
- ਛੋਟੇ ਬੱਚਿਆਂ ਦਾ ਖਿਝਣ ਨੂੰ ਜ਼ਾਹਰ ਕਰਨਾ।

ਛੋਟੇ ਬੱਚੇ ਦੰਦੀ ਵੱਢ ਕੇ ਖਿਝਣਾ ਜ਼ਾਹਰ ਕਰ ਸਕਦੇ ਹਨ ਜਦ ਉਹ:

- ਥੱਕੇ ਹੋਏ ਜਾਂ ਬਿਮਾਰ ਹੁੰਦੇ ਹਨ
- ਕੁਝ ਕਰਨ ਜਾਂ ਕੁਝ ਲੈਣ ਦੇ ਅਯੋਗ ਹੁੰਦੇ ਹਨ ਜਿਸਦੀ ਉਹ ਇੱਛਾ ਕਰਦੇ ਹਨ
- ਜਦ ਉਹਨਾਂ ਨੂੰ ਚੀਜ਼ਾਂ ਸਾਂਝੀਆਂ ਕਰਨ ਜਾਂ ਵਾਰੀ ਸਿਰ ਕੰਮ ਕਰਨ ਦੀ ਲੋੜ ਹੁੰਦੀ ਹੈ
- ਮਹਿਸੂਸ ਕਰਦੇ ਹਨ ਕਿ ਕੋਈ ਹੋਰ ਬੱਚਾ ਉਹਨਾਂ ਦੀ ਖੇਡ ਜਾਂ ਕਿਰਿਆ ਵਿੱਚ ਦਖਲ ਦੇ ਰਿਹਾ ਹੈ
- ਕਿਸੇ ਚੀਜ਼ ਦੀ ਉਡੀਕ ਕਰ ਰਹੇ ਹੁੰਦੇ ਹਨ ਅਤੇ ਬੇਸਬਰੀ ਮਹਿਸੂਸ ਕਰਦੇ ਹਨ
- ਆਪਣੇ ਆਸ-ਪਾਸ ਦੇ ਲੋਕਾਂ ਨਾਲ ਜ਼ੁਬਾਨੀ ਸੰਚਾਰ ਕਰਨ ਦੇ ਅਯੋਗ ਹੁੰਦੇ ਹਨ
- ਹੋਰਨਾਂ ਕੋਲੋਂ ਧਿਆਨ ਦੀ ਮੰਗ ਕਰ ਰਹੇ ਹੁੰਦੇ ਹਨ।



## ਤੁਹਾਡੀ ਸਿੱਖਿਆ ਅਤੇ ਸੰਭਾਲ ਸੇਵਾ ਵਿਖੇ ਸਿੱਖਿਅਕ ਦੰਦੀ ਵੱਢਣ ਦੀ ਘਟਨਾ ਵਾਸਤੇ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਉਂਦੇ ਹਨ?

ਦੰਦੀ ਵੱਢਣ ਦੀਆਂ ਘਟਨਾਵਾਂ ਦਾ ਨਿਪਟਾਰਾ ਕਰਨ ਅਤੇ ਇਹਨਾਂ ਨੂੰ ਘੱਟ ਤੋਂ ਘੱਟ ਕਰਨ ਲਈ ਸਿੱਖਿਅਕ ਬੇਹੱਦ ਈਮਾਨਦਾਰੀ ਨਾਲ ਕੰਮ ਕਰਦੇ ਹਨ। ਵਿਅਕਤੀਗਤ ਬੱਚਿਆਂ ਵਾਸਤੇ ਵਿਕਸਿਤ ਕੀਤੀਆਂ ਕਈ ਸਾਰੀਆਂ ਰਣਨੀਤੀਆਂ ਦੀ ਵਰਤੋਂ ਕਰਦੇ ਹੋਏ, ਉਹ ਦੰਦੀ ਵੱਢਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਵਚਨਬੱਧ ਹੁੰਦੇ ਹਨ।

ਹਰ ਬੱਚੇ ਨੂੰ ਚੰਗੀ ਤਰ੍ਹਾਂ ਜਾਣਨਾ ਸਿੱਖਿਅਕਾਂ ਨੂੰ ਇਸ ਬਾਰੇ ਅੰਦਾਜ਼ਾ ਲਾਉਣ ਵਿੱਚ ਮਦਦ ਕਰਦਾ ਹੈ ਕਿ ਕਿਹੜੀ ਚੀਜ਼ ਉਹਨਾਂ ਦੇ ਦੰਦੀ ਵੱਢਣ ਦਾ ਕਾਰਨ ਬਣ ਰਹੀ ਹੋ ਸਕਦੀ ਹੈ, ਅਤੇ ਦੰਦੀ ਵੱਢਣ ਵਾਸਤੇ ਉਹਨਾਂ ਦੇ ਵਿਸ਼ੇਸ਼ ਤੂਲ ਕਾਰਕਾਂ ਦਾ ਪਤਾ ਲਾਉਣ ਵਿੱਚ ਵੀ ਮਦਦ ਕਰਦਾ ਹੈ। ਇਹ ਉਹਨਾਂ ਨੂੰ ਇਸ ਵਿਵਹਾਰ ਦੀ ਰੋਕਥਾਮ ਕਰਨ ਲਈ ਕਦਮ ਉਠਾਉਣ ਅਤੇ ਇਹਨਾਂ ਤੂਲ ਦੇਣ ਵਾਲੇ ਕਾਰਕਾਂ ਤੋਂ ਬਚਣ ਜਾਂ ਇਹਨਾਂ ਨੂੰ ਘੱਟ ਤੋਂ ਘੱਟ ਕਰਨ ਵਿੱਚ ਮਦਦ ਕਰਦਾ ਹੈ।

ਦੰਦੀ ਵੱਢਣ ਦੀਆਂ ਘਟਨਾਵਾਂ ਬਾਰੇ ਆਪਣੀ ਸਮਝ ਅਤੇ ਵਿਸ਼ਲੇਸ਼ਣ ਦੇ ਅਨੁਸਾਰ, ਸਿੱਖਿਅਕ ਵੱਖ-ਵੱਖ ਰਣਨੀਤੀਆਂ ਦੀ ਵਰਤੋਂ ਕਰਦੇ ਹਨ।

- ਕੋਈ ਬੱਚਾ ਜੋ ਕਿਸੇ ਸਮੂਹ ਸਥਾਪਨਾ ਵਿੱਚ ਹੱਦੋਂ ਵੱਧ ਭੜਕ ਜਾਣ 'ਤੇ ਦੰਦੀ ਵੱਢਦਾ ਹੈ, ਉਸਨੂੰ ਕਿਸੇ ਸ਼ਾਂਤ ਕਿਰਿਆ ਵਿੱਚ ਕਿਸੇ ਸਿੱਖਿਅਕ ਨਾਲ ਬੈਠਣ ਲਈ ਉਤਸ਼ਾਹਤ ਕੀਤਾ ਜਾ ਸਕਦਾ ਹੈ, ਤਾਂ ਜੋ ਆਪਣੀਆਂ ਭਾਵਨਾਵਾਂ ਨੂੰ ਸਮਝਣ ਅਤੇ ਸਵੈ-ਨਿਯਮਿਤ ਕਰਨ ਵਿੱਚ ਉਹਨਾਂ ਦੀ ਸਹਾਇਤਾ ਕੀਤੀ ਜਾ ਸਕੇ ਅਤੇ ਫੇਰ ਸਮੂਹਕ ਖੇਡ ਵਿੱਚ ਸਫਲਤਾ ਪੂਰਵਕ ਵਾਪਸ ਲਿਆਂਦਾ ਜਾ ਸਕੇ।
- ਬੱਚਿਆਂ ਨੂੰ ਛੋਟੇ ਸਮੂਹ ਵਿੱਚ ਅਤੇ ਇਕੱਲੇ-ਨਾਲ-ਇਕੱਲੇ ਦੀ ਖੇਡ ਦੇ ਮੌਕੇ ਪ੍ਰਦਾਨ ਕਰਾਉਣਾ ਦੰਦੀ ਵੱਢਣ ਦੀਆਂ ਘਟਨਾਵਾਂ ਘੱਟ ਕਰ ਸਕਦਾ ਹੈ।

- ਸਿੱਖਿਆ ਅਤੇ ਸੰਭਾਲ ਸੇਵਾ ਵਿੱਚ ਉਸਾਰੂ ਵਿਵਹਾਰ ਨੂੰ ਉਤਸ਼ਾਹਤ ਕਰਨ ਲਈ ਇੱਕ ਟਿਕਾਊ ਪਹੁੰਚ ਅਪਣਾਉਣਾ।
- ਸਿੱਖਿਅਕ ਯਕੀਨੀ ਬਣਾਉਂਦੇ ਹਨ ਕਿ ਦੰਦੀ ਵੱਢਣ ਦੇ ਵਿਵਹਾਰ ਨੂੰ ਤੂਲ ਨਹੀਂ ਦਿੱਤੀ ਜਾਂਦੀ ਹਾਲਾਂਕਿ ਇਸ ਦੌਰਾਨ ਉਹ ਇਹ ਸੰਦੇਸ਼ ਵੀ ਦਿੰਦੇ ਹਨ ਕਿ ਦੰਦੀ ਵੱਢੇ ਜਾਣ ਵਾਲੇ ਬੱਚਿਆਂ ਨੂੰ ਅਜੇ ਵੀ ਅਹਿਮੀਅਤ ਦਿੱਤੀ ਜਾਂਦੀ ਹੈ ਅਤੇ ਉਹਨਾਂ ਦੀ ਸਹਾਇਤਾ ਕੀਤੀ ਜਾਵੇਗੀ।
- ਸਿੱਖਿਅਕ ਬੱਚਿਆਂ ਦੇ ਵਿਵਹਾਰ ਵਿੱਚ ਸਹਾਇਤਾ ਕਰਦੇ ਹਨ ਉਹਨਾਂ ਨੂੰ ਬੇਇੱਜ਼ਤ ਜਾਂ ਸ਼ਰਮਸ਼ਾਰ ਮਹਿਸੂਸ ਕਰਵਾਉਣ ਤੋਂ ਬਚਦੇ ਹਨ।
- ਬੱਚਿਆਂ ਨੂੰ ਹੋਰਨਾਂ ਨੂੰ ਖੇਡਣ ਲਈ ਸੱਦਾ ਦੇਣ ਵਾਸਤੇ ਉਤਸ਼ਾਹਤ ਕਰਕੇ ਅਤੇ ਹੋਰ ਬੱਚਿਆਂ ਨਾਲ ਆਹਰੇ ਲੱਗਣ ਵਿੱਚ ਉਹਨਾਂ ਦੀ ਸਹਾਇਤਾ ਕਰਕੇ ਸਿੱਖਿਅਕ ਬੱਚਿਆਂ ਨੂੰ ਸਮੂਹ ਸਥਾਪਨਾਵਾਂ ਵਿੱਚ ਉਸਾਰੂ ਵਿਵਹਾਰ ਸਿੱਖਣ ਲਈ ਮੌਕੇ ਪ੍ਰਦਾਨ ਕਰਾਉਂਦੇ ਹਨ, ਉਦਾਹਰਨ ਲਈ, ਕੋਈ ਅਜਿਹਾ ਖਿਡੌਣਾ ਮੰਗਣ ਲਈ ਉਹਨਾਂ ਦੇ ਸ਼ਬਦਾਂ ਦੀ ਵਰਤੋਂ ਕਰਨਾ ਜੋ ਕਿਸੇ ਹੋਰ ਬੱਚੇ ਕੋਲ ਹੈ।
- ਸਿੱਖਿਅਕ ਕਿਸੇ ਬੱਚੇ ਨੂੰ ਦੰਦੀ ਵੱਢਣ ਤੋਂ ਰੋਕਣ ਲਈ ਹਰ ਬੱਚੇ ਨੂੰ ਰਣਨੀਤੀਆਂ ਵਿਕਸਿਤ ਕਰਨ ਵਿੱਚ ਸਹਾਇਤਾ ਕਰਦੇ ਹਨ, ਉਦਾਹਰਨ ਲਈ ਬੱਚਿਆਂ ਨੂੰ ਦੰਦੀ ਵੱਢਣ ਦੀ ਕੋਸ਼ਿਸ਼ ਕਰ ਰਹੇ ਕਿਸੇ ਬੱਚੇ ਨੂੰ ਇਹ ਕਹਿਣਾ ਸਿਖਾਉਣਾ ਕਿ "ਰੁਕ ਜਾ, ਮੈਨੂੰ ਇਹ ਪਸੰਦ ਨਹੀਂ'।
- ਨਿਗਰਾਨੀ ਦੀਆਂ ਯੋਜਨਾ ਅਤੇ ਰਣਨੀਤੀਆਂ।

ਸਿੱਖਿਅਕਾਂ ਦੀ ਦੰਦੀ ਵੱਢਣ ਦੀਆਂ ਉਹਨਾਂ ਘਟਨਾਵਾਂ ਬਾਰੇ ਤੁਹਾਨੂੰ ਸੂਚਿਤ ਕਰਨ ਦੀ ਜ਼ਿੰਮੇਵਾਰੀ ਹੈ ਜਿਨ੍ਹਾਂ ਵਿੱਚ ਤੁਹਾਡਾ ਬੱਚਾ ਸ਼ਾਮਲ ਹੈ, ਚਾਹੇ ਤੁਹਾਡਾ ਬੱਚਾ ਦੰਦੀ ਵੱਢ ਰਿਹਾ ਹੈ ਜਾਂ ਉਸਦੇ ਦੰਦੀ ਵੱਢੀ ਗਈ ਹੈ। ਸੇਵਾ ਨੂੰ ਦੰਦੀ ਵੱਢ ਰਹੇ ਬੱਚੇ ਦੇ ਨਾਮ ਨੂੰ ਹੋਰ ਪਰਿਵਾਰਾਂ ਤੋਂ ਗੁਪਤ ਰੱਖਣਾ ਚਾਹੀਦਾ ਹੈ, ਜਿਸ ਵਿੱਚ ਕਿਸੇ ਅਜਿਹੇ ਬੱਚੇ ਦਾ ਪਰਿਵਾਰ ਵੀ ਸ਼ਾਮਲ ਹੈ ਜਿਸ ਦੇ ਦੰਦੀ ਵੱਢੀ ਗਈ ਹੋ ਸਕਦੀ ਹੈ।



- ਇੱਕ ਘਟਨਾ ਫਾਰਮ ਭਰਿਆ ਜਾਣਾ ਚਾਹੀਦਾ ਹੈ ਅਤੇ ਤੁਹਾਡੇ ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ, ਜੋ ਇਹ ਦਰਸਾਏ ਕਿ ਕੀ ਵਾਪਰਿਆ ਸੀ, ਅਤੇ ਇਹ ਤੁਹਾਨੂੰ ਇਸ ਘਟਨਾ ਦੇ ਦੁਬਾਰਾ ਵਾਪਰਨ ਨੂੰ ਰੋਕਣ ਲਈ ਸੇਵਾ ਵੱਲੋਂ ਵਿਕਸਿਤ ਕੀਤੀਆਂ ਗਈਆਂ ਰਣਨੀਤੀਆਂ ਬਾਰੇ ਕੁਝ ਵਿਚਾਰ-ਵਟਾਂਦਰੇ ਦੇ ਨਾਲ ਦਿੱਤਾ ਜਾਣਾ ਚਾਹੀਦਾ ਹੈ।
- ਉਹ ਦੰਦੀ ਵੱਢਣ ਦੇ ਵਿਵਹਾਰ ਬਾਰੇ ਤੁਹਾਡੇ ਨਾਲ ਤੁਹਾਡੇ ਦ੍ਰਿਸ਼ਟੀਕੋਣ ਬਾਬਤ ਅਤੇ ਸੇਵਾ ਤੋਂ ਬਾਹਰ ਇਸ ਦੇ ਵਾਪਰਨ ਦੇ ਕਿਸੇ ਅਨੁਭਵ ਬਾਬਤ ਵੀ ਵਿਚਾਰ-ਵਟਾਂਦਰਾ ਕਰ ਸਕਦੇ ਹਨ।

## ਤੁਸੀਂ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦੇ ਹੋ?

ਜੇ ਤੁਸੀਂ ਉਸ ਸਮੇਂ ਆਪਣੇ ਬੱਚੇ ਦੇ ਨਾਲ ਹੋ ਜਦ ਉਹ ਦੰਦੀ ਵੱਢਦਾ ਹੈ, ਤਾਂ ਉਸ ਨੂੰ ਉਸ ਪ੍ਰਸਥਿਤੀ ਜਾਂ ਕਿਰਿਆ ਤੋਂ ਹਟਾ ਦਿਓ, ਅਤੇ ਇਹ ਯਾਦ ਕਰਵਾਓ ਕਿ ਇਹ ਸਵੀਕਾਰ ਕਰਨਯੋਗ ਨਹੀਂ ਹੈ। ਉਹਨਾਂ ਨੂੰ ਸ਼ਾਂਤਮਈ ਤਰੀਕੇ ਨਾਲ ਕਹੋ, "ਅਸੀਂ ਆਪਣੇ ਦੋਸਤਾਂ/ਹੋਰਨਾਂ ਨੂੰ ਦੰਦੀ ਨਹੀਂ ਵੱਢਦੇ, ਦੰਦੀ ਵੱਢਣ ਨਾਲ ਦਰਦ ਹੁੰਦਾ ਹੈ।" ਉਹਨਾਂ ਨੂੰ ਕੋਈ ਸਿੱਟਾ ਦੇਣ ਜਾਂ ਸਜ਼ਾ ਦੇਣ ਤੋਂ ਬਚੋ।

ਜੋ ਕੁਝ ਵਾਪਰਿਆ ਹੈ ਉਸਨੂੰ ਸਮਝਣ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਲਈ, ਦੰਦੀ ਵੱਢਣ ਬਾਰੇ, ਅਤੇ ਇਹ ਦੂਸਰੇ ਵਿਅਕਤੀ ਨੂੰ ਕਿਸ ਤਰ੍ਹਾਂ ਮਹਿਸੂਸ ਕਰਵਾਉਂਦੀ ਹੈ, ਬਾਰੇ ਆਪਣੇ ਬੱਚੇ ਨਾਲ ਗੱਲ ਕਰਨਾ ਸ਼ੁਰੂਆਤ ਕਰਨ ਲਈ ਵਧੀਆ ਸਥਾਨ ਹੈ। ਤੁਸੀਂ ਇਹ ਪਤਾ ਕਰਨਾ ਵੀ ਚਾਹ ਸਕਦੇ ਹੋ ਕਿ ਤੁਹਾਡਾ ਬੱਚਾ ਦੰਦੀ ਕਿਉਂ ਵੱਢ ਰਿਹਾ ਹੈ। ਉਹਨਾਂ 'ਤੇ ਨਜ਼ਰ ਰੱਖੋ ਅਤੇ ਉਹਨਾਂ ਪ੍ਰਸਥਿਤੀਆਂ ਦੀ ਸਮਝ ਵਿਕਸਿਤ ਕਰੋ ਜੋ ਦੰਦੀ ਵੱਢਣ ਦੀਆਂ ਘਟਨਾਵਾਂ ਨੂੰ ਜਨਮ ਦੇ ਸਕਦੀਆਂ ਹਨ। ਤੁਸੀਂ ਆਪਣੇ ਬੱਚੇ ਨੂੰ ਇੱਕ ਦੰਦਾਂ ਵਾਲਾ ਛੱਲਾ (teething ring) ਜਾਂ ਅਜਿਹੇ ਖਿਡੌਣੇ ਵੀ ਦੇ ਸਕਦੇ ਹਨ ਜਿਨ੍ਹਾਂ ਉੱਤੇ ਉਹ ਦੰਦੀ ਵੱਢ ਸਕਦੇ ਹਨ।

ਜੇ ਤੁਹਾਡਾ ਬੱਚਾ ਆਪਣੀ ਸਿੱਖਿਆ ਅਤੇ ਸੰਭਾਲ ਸੇਵਾ ਵਿਖੇ ਦੰਦੀ ਵੱਢਦਾ ਹੈ, ਤਾਂ ਸਿੱਖਿਅਕਾਂ ਦੇ ਨਾਲ ਭਾਈਵਾਲੀ ਵਿੱਚ ਕੰਮ ਕਰਨਾ ਅਹਿਮ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇੱਕ ਸਪੱਸ਼ਟ ਅਤੇ ਟਿਕਾਊ ਪਹੁੰਚ ਦੀ ਵਰਤੋਂ ਕੀਤੀ ਜਾਂਦੀ ਹੈ। ਤੁਹਾਨੂੰ ਸਾਰਿਆਂ ਨੂੰ ਆਪਣੇ ਬੱਚੇ ਦੀ ਸ਼ਬਦਾਂ ਦੀ ਵਰਤੋਂ ਕਰਕੇ ਆਪਣੀਆਂ ਭਾਵਨਾਵਾਂ ਜ਼ਾਹਰ ਕਰਨਾ ਸਿੱਖਣ ਵਿੱਚ ਸਹਾਇਤਾ ਕਰਨੀ ਪਵੇਗੀ। ਇਸ ਗੱਲੋਂ ਭਰੋਸਾ ਰੱਖੋ ਕਿ ਸਿੱਖਿਅਕ ਬੱਚਿਆਂ ਨੂੰ ਦੰਦੀ ਵੱਢਣ ਦੇ ਵਿਕਲਪਾਂ ਵਜੋਂ ਉਸਾਰੂ ਵਿਵਹਾਰ ਸਿੱਖਣ ਵਿੱਚ ਸਹਾਇਤਾ ਕਰਨ ਲਈ ਕੰਮ ਕਰਨਗੇ। ਇਹ ਯਾਦ ਰੱਖਣਾ ਅਹਿਮ ਹੈ ਕਿ ਦੰਦੀ ਵੱਢਣਾ ਨਾ ਤਾਂ ਤੁਹਾਡਾ ਜਾਂ ਨਾ ਹੀ ਸਿੱਖਿਅਕ ਦਾ ਕਸੂਰ ਹੈ। ਰੁੜ੍ਹਨ ਵਾਲੇ ਬੱਚਿਆਂ ਵਿੱਚ ਦੰਦੀ ਵੱਢਣਾ ਆਮ ਗੱਲ ਹੈ ਅਤੇ ਕਿਸੇ ਸਮੂਹ ਵਾਤਾਵਰਨ ਵਿੱਚ ਕਈ ਵਾਰ ਇਸ ਤੋਂ ਬਚਿਆ ਨਹੀਂ ਜਾ ਸਕਦਾ।

ਨੁਕਤਿਆਂ ਵਾਸਤੇ ਤੁਸੀਂ ਸਿੱਖਿਆ ਅਤੇ ਸੰਭਾਲ ਸੇਵਾ ਵਿੱਚ ਬੱਚਿਆਂ ਦਾ ਉਸਾਰੂ ਵਿਵਹਾਰ ਵਿਕਸਿਤ ਕਰਨ ਬਾਰੇ ਸਾਡੀ ਤੱਥਸ਼ੀਟ ਵੀ ਦੇ ਸਕਦੇ ਹੋ।